Journal of Advances and Scholarly Researches in Allied Education

Vol. XI, Issue No. XXI, Apr-2016, ISSN 2230-7540

REVIEW ARTICLE

# ਭਗਤ ਬਾਣੀ ਵਿੱਚ ਦਾਰਸ਼ਨਿਕ ਪ੍ਰਤਿਰੋਧ

AN INTERNATIONALLY INDEXED PEER REVIEWED & REFEREED JOURNAL

Journal of Advances and Scholarly Researches in Allied Education
Vol. XI, Issue No. XXI, April-2016, ISSN 2230-7540

# ਭਗਤ ਬਾਣੀ ਵਿੱਚ ਦਾਰਸ਼ਨਿਕ ਪ੍ਰਤਿਰੋਧ

**Preet Inder Singh***

Assistant Professor, Department of Punjabi, Post Graduate Government College, Sector-46, Chandigarh

---------------------------------X---------------------------------

ਭਗਤ ਬਾਣੀ ਇੱਕ ਅਜਿਹੀ ਸ਼ਕਤੀਸ਼ਾਲੀ ਚੇਤਨਾ ਹੈ, ਜਿਸ ਵਿੱਚ ਸੰਸਾਰ ਵਿੱਚ ਉਲਝੇ ਜੀਵ ਨੂੰ ਸੱਚ ਤੋਂ ਜਾਣੂ ਕਰਵਾ ਕੇ ਪਰਮਾਤਮਾ ਨਾਲ ਜੋੜਨ ਦੀ ਅਧਿਆਤਮਕ ਧਾਰਨਾ ਮੌਜੂਦ ਹੈ। ਭਗਤੀ ਲਹਿਰ ਦੀ ਉਤਪੱਤੀ ਦੇ ਪਿਛੋਕੜ ਵਿੱਚ ਇਕ ਖ਼ਾਸ ਦਾਰਸ਼ਨਿਕ ਸਿਧਾਂਤ ਸੀ। ਬਾਹਰਲੀਆਂ ਸਭਿਆਤਾਵਾਂ ਦੇ ਪ੍ਰਭਾਵ ਕਰਕੇ ਆਮ ਲੋਕ ਭਾਰਤੀ ਸੰਸਕ੍ਰਿਤੀ ਦੇ ਮੂਲ ਸ੍ਰੋਤ ਤੋਂ ਦੂਰ ਜਾ ਰਹੇ ਸਨ। ਉਹ ਫੋਕਟ ਕਰਮ-ਕਾਂਡਾਂ ਵਿੱਚ ਅਧਿਆਤਮਕਤਾ ਤੇ ਨੈਤਿਕ ਸਦਾਚਾਰ ਤੋਂ ਸੱਖਣੇ ਸਨ। ਦੂਜੇ ਪਾਸੇ ਧਾੜਵੀਆਂ ਤੇ ਹਮਲਾਵਰਾਂ ਦੇ ਨਿੱਤ ਦੇ ਹਮਲਿਆਂ ਕਾਰਨ ਭਾਰਤੀ ਲੋਕਾਂ ਤੇ ਇਸਲਾਮ ਦਾ ਗਲਵਾ ਪੈ ਰਿਹਾ ਸੀ। ਇਨ੍ਹਾਂ ਸਾਰੇ ਮਾਰੂ ਪ੍ਰਭਾਵਾਂ ਨੂੰ ਰੋਕਣ ਲਈ ਭਗਤੀ ਲਹਿਰ ਦਾ ਜਨਮ ਹੋਇਆ ਇਸ ਲਹਿਰ ਨੇ ਠੋਸ ਤੇ ਨਵੇਂ ਦਾਰਸ਼ਨਿਕ ਸਿਧਾਂਤਾਂ ਨੂੰ ਜਨਮ ਦਿੱਤਾ।[1] ਇਸ ਕਾਵਿ ਵਿੱਚ ਸਮਾਜਿਕ ਕੁਰੀਤੀਆਂ ਦਾ ਖੰਡਨ, ਅੰਧ-ਵਿਸ਼ਵਾਸਾਂ ਦਾ ਵਿਰੋਧ ਅਤੇ ਮਿਥਿਕ ਆਚਰਣ ਦੀ ਅਲੋਚਨਾ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਬਾਣੀ ਵਿਚ ਮੱਧਕਾਲੀਨ ਸਮਾਜ ਦੇ ਸਰਬਪੱਖੀ ਮੁੱਲਾਂ ਦਾ ਵਿਵੇਚਨ ਕੀਤਾ ਗਿਆ ਹੈ। ਭਗਤ ਕਵੀ ਤਤਕਾਲੀਨ ਸਮਾਜ ਦੇ ਪ੍ਰਤਿ ਜਾਗਰੂਕ ਸਨ ਅਤੇ ਸਮਾਜਕ ਕੁਰੀਤੀਆਂ ਨੂੰ ਸਮਝ ਕੇ ਉਨ੍ਹਾਂ ਨੇ ਤਿੱਖੀ ਪ੍ਰਕਿਰਿਆ ਦਿੱਤੀ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਬਾਣੀ ਦਾ ਮੂਲ-ਸਵਰ ਅਧਿਆਤਮਕਤਾ ਤੋਂ ਬਾਅਦ ਸਮਾਜਕ ਵਿਕਾਰਾਂ ਉੱਤੇ ਗਹਿਰੀ ਚੋਟ ਕਰਨਾ ਹੈ ਅਤੇ ਸਥਿਤੀਆਂ ਦੇ ਆਦਰਸ਼ੀਕਰਣ ਨੂੰ ਨਵਾਂ ਆਕਾਰ ਦੇਣਾ ਹੈ। ਭਗਤ ਕਵੀਆਂ ਦੀ ਬਾਣੀ ਵਿੱਚ ਨਿਹਿਤ ਅਦਵੈਤਵਾਦੀ ਪਹੁੰਚ ਅੱਜ ਵੀ ਸਾਡਾ ਰਾਹ ਰਸ਼ੁਨਾ ਰਹੀ ਹੈ, ਉਹ ਲੋਕਾਂ ਦੇ ਦੁੱਖਾਂ-ਦਰਦਾਂ ਦੇ ਭਾਈਵਾਲ ਬਣੇ, ਇਸ ਤੋਂ ਵੀ ਕੌਣ ਇਨਕਾਰੀ ਹੋ ਸਕਦਾ ਹੈ ਉਨ੍ਹਾਂ ਨੇ ਅਸਮਾਜਿਕ ਕਦਰਾਂ-ਕੀਮਤਾਂ ਵਿੱਰੁਧ ਵਿਦਰੋਹ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਹੈ।[2] ਭਗਤ ਬਾਣੀ ਦੀ ਪ੍ਰਤੀਰੋਧਕ ਸੁਰ ਦੇ ਪਾਸਾਰ ਮਨੁੱਖੀ ਸਮਾਜ ਦੇ ਸਗਲ ਪਾਸਾਰੇ ਨੂੰ ਆਪਣੇ ਕਲੇਵਰ ਵਿੱਚ ਲੈਂਦੇ ਹਨ। ਸਮਾਜਕ, ਸਭਿਆਚਾਰਕ, ਰਾਜਨੀਤਿਕ ਪ੍ਰਤੀਰੋਧ ਜਾਂ ਵਿਦਰੋਹ ਉਸ ਸਮੇਂ ਤੱਕ ਸੰਭਵ ਅਤੇ ਸਾਰਥਕ ਨਹੀਂ ਹੁੰਦਾ ਜਦੋਂ ਤੱਕ ਉਸ ਦੇ ਦਾਰਸ਼ਨਿਕ ਆਧਾਰ ਨਾ ਹੋਣ। ਕਿਸੇ ਵੀ ਪ੍ਰਤੀਰੋਧ ਦੀ ਬੁਨਿਆਦੀ ਗੱਲ ਦਾਰਸ਼ਨਿਕਤਾ ਉੱਪਰ ਕੇਂਦਰਿਤ ਹੁੰਦੀ ਹੈ। ਭਗਤ ਬਾਣੀ ਇਸ ਪੱਖੋਂ ਵਧੇਰੇ ਸੁਚੇਤ ਅਤੇ ਚੇਤੰਨ ਹੈ। ਭਗਤ ਬਾਣੀ ਅਧਿਆਤਮਕ ਦਰਸ਼ਨ ਦੀ ਪਰੰਪਰਾ ਨੂੰ ਪ੍ਰਤੀਰੋਧਕ ਸੁਰ ਰਾਹੀਂ ਹੀ ਵਿਕਸਤ ਕਰਦੀ ਹੈ। ਭਾਵੇਂ ਕਿ ਭਗਤ ਬਾਣੀ ਦੇ ਦਾਰਸ਼ਨਿਕ ਪਾਸਾਰ ਵਧੇਰੇ ਵਿਸਤ੍ਰਿਤ ਹਨ, ਪਰੰਤੂ ਅਤਿਅੰਤ ਮਹੱਤਵਪੂਰਨ ਪਾਸਾਰ ਨਿਮਨਲਿਖਤ ਹਨ ਜਿਨ੍ਹਾਂ ਚੋਂ ਪ੍ਰਤੀਰੋਧਕ ਸੁਰ ਉਭਰਵੇਂ ਰੂਪ ਚ ਗਿਆਨ ਦੀ ਧੁਨੀ ਬਣ ਕੇ ਸਾਹਮਣੇ ਆਉਂਦੀ ਹੈ।

## ਬ੍ਰਹਮ

ਬ੍ਰਹਮ ਸੰਸਾਰ ਦੀ ਹੀ ਨਹੀਂ ਸਮੁੱਚੇ ਬ੍ਰਹਿਮੰਡ ਦੀ ਸਿਰਜਣਾ ਸ਼ਕਤੀ ਹੈ। ਮਨੁੱਖ ਆਪਣੀ ਸੀਮਤ ਚੇਤਨਾ ਕਰਕੇ ਅਜੇ ਬ੍ਰਹਿਮੰਡ ਦੇ ਸਮੁੱਚੇ ਪਸਾਰੇ ਨੂੰ ਜਾਨਣ ਦੀ ਸ਼ਕਤੀ ਨਾ ਰੱਖਣ ਕਰਕੇ ਉਹ ਬਹੁਤ ਕੁਝ ਨੂੰ ਸੀਮਤ ਅਤੇ ਸਥਿਤ ਕਰ ਦਿੰਦਾ ਹੈ। ਭਗਤ ਬਾਣੀ ਹਿੰਦੂ ਦਰਸ਼ਨ ਦੇ ਸੀਮਿਤ ਦਾਰਸ਼ਨਿਕ ਪਰਿਪੇਖ ਤੋਂ ਪ੍ਰਤੀਰੋਧ ਕਰਦੀ ਹੋਈ ਬ੍ਰਹਿਮੰਡ ਦੇ ਵਿਸ਼ਾਲ ਸੰਕਲਪ ਨੂੰ ਉਦੈ ਕਰਦੀ ਹੈ। ਸੰਸਾਰ ਵਿਚ ਕਿਸੇ ਵੀ ਜਗ੍ਹਾ ਸਮਾਜ ਵਿਚ ਬ੍ਰਹਮ ਦੇ ਨਾਮ ਤੇ ਸਰੂਪ ਸਬੰਧੀ ਧਾਰਨਾ ਇਕ ਨਹੀਂ ਮੰਨੀ ਗਈ, ਜਿਸ ਕਰਕੇ ਬ੍ਰਹਮ ਦੇ ਸਰੂਪ ਤੇ ਨਾਮ ਦੀ ਧਾਰਨਾ ਬਾਰੇ ਅਤੇ ਉਸ ਦੀਆਂ ਉਪਾਸਨਾ ਵਿਧੀਆਂ ਦੇ ਖੇਤਰ ਵਿਚ ਪਰਿਵਰਤਨ ਹੁੰਦੇ ਰਹੇ। ਵੱਖ-ਵੱਖ ਚਿੰਤਕਾਂ ਨੇ ਉਸ ਪਰਮ-ਸੱਤਾ ਨੂੰ ਮਿਲਣ ਲਈ, ਉਸ ਦੇ ਦਰਸ਼ਨ ਕਰਨ ਲਈ, ਉਸ ਨਾਲ ਅਭੇਦ ਹੋਣ ਲਈ ਵੱਖ-ਵੱਖ ਪੂਜਾ ਵਿਧੀਆਂ ਨੂੰ ਪ੍ਰਚੱਲਿਤ ਕੀਤਾ, ਜਿਸ ਨਾਲ ਪ੍ਰਭੂ ਪ੍ਰਾਪਤੀ ਲਈ ਅਨੇਕਾਂ ਪ੍ਰਕਾਰ ਦੇ ਸਾਧਨਾਂ ਦੀ ਪ੍ਰਵਿਰਤੀ ਸ਼ੁਰੂ ਹੋ ਗਈ। ਵੇਦਾਂ ਤੋਂ ਲੈ ਕੇ ਭਗਤੀ ਸਾਹਿਤ ਤੱਕ ਬ੍ਰਹਮ ਦੇ ਅਨੇਕਾਂ ਰੂਪਾਂ ਤੇ ਨਾਵਾਂ ਦਾ ਵਿਵੇਚਨ ਹੁੰਦਾ ਰਿਹਾ ਹੈ। ਭਾਰਤੀ ਚਿੰਤਨ ਦੇ ਲੰਮੇ ਇਤਿਹਾਸ ਵਿਚ ਬ੍ਰਹਮ ਦੇ ਸੰਕਲਪ ਦਾ ਇਤਿਹਾਸ ਵੀ ਬਹੁਤ ਲੰਮਾ ਹੈ। ਇਸ ਕਰਕੇ ਬ੍ਰਹਮ ਦੀ ਹੋਂਦ ਬਾਰੇ ਤੇ ਭਗਤੀ ਸੋਚ ਬਾਰੇ ਕਾਫ਼ੀ ਭਿੰਨਤਾ ਆ ਗਈ। ਕਦੇ ਪਰਮਾਤਮਾ ਨੂੰ ਅਪਹੁੰਚ ਮੰਨ ਕੇ ਆਕਾਸ਼ ਵਿੱਚ ਸਥਿਤ ਕਿਹਾ ਗਿਆ ਹੈ ਅਤੇ ਕਦੇ ਬ੍ਰਾਹਮਣਵਾਦੀ ਸੋਚ ਮੁਤਾਬਿਕ ਉਸ ਨੂੰ ਬ੍ਰਹਮਾ ਕਿਹਾ ਗਿਆ ਹੈ। ਪਰ ਮੱਧਕਾਲ ਵਿੱਚ ਪੈਦਾ ਹੋਈ ਭਗਤੀ ਲਹਿਰ ਨੇ ਬ੍ਰਹਮ ਦਾ ਸਰੂਪ ਮੁੜ ਪਰਿਭਾਸ਼ਿਤ ਕੀਤਾ। ਭਗਤ ਰਵਿਦਾਸ ਬ੍ਰਹਮ ਬਾਰੇ ਵਿਚਾਰ ਸਪੱਸ਼ਟ ਕਰਦੇ ਹੋਏ ਲਿਖਦੇ ਹਨ, ਉਹ ਨਿਰਾਕਾਰ, ਨਿਸਚਲ, ਅਨੁਪਮ, ਨਿਰਭੈ, ਗਤੀਸ਼ੀਲ ਅਤੇ ਨਿਰਗੁਣ ਹੈ। ਉਹ ਅਗਮ ਅਗੋਚਰ ਵੀ ਹੈ:

ਨਿਹਚਲ ਨਿਰਾਕਾਰ ਅਜ ਅਨੁਪਮ ਨਿਰਭੈ ਮਤਿ ਗੋਬਿੰਦਾ॥

ਅਗਮ ਅਗੋਚਰ ਅਛਰ ਅਤਰਕ ਨਿਰਗੁਨ ਅਤਿ ਅਨੰਦਾ॥[3]

ਭਗਤ ਬਾਣੀ ਵਿੱਚ ਭਗਤੀ, ਭਗਤ ਅਤੇ ਭਗਵੰਤ ਵੱਲ ਲੈ ਜਾਣ ਵਾਲੇ ਗੁਰੂ ਦਾ ਖੁੱਲ ਕੇ ਗੁਣ-ਗਾਇਨ ਕੀਤਾ ਗਿਆ ਹੈ। ਭਗਤ ਕਵੀਆਂ ਦਾ ਈਸ਼ਵਰ ਦੇ ਅਵਤਾਰਾਂ ਵਿੱਚ ਵਿਸ਼ਵਾਸ ਨਹੀਂ ਹੈ ਅਤੇ ਉਨ੍ਹਾਂ ਦੀ ਮੂਰਤੀ ਪੂਜਾ ਵਿੱਚ ਆਸਥਾ ਵੀ ਨਹੀਂ ਹੈ। ਭਗਤ ਬਾਣੀ ਵਿੱਚ ਮੂਰਤੀ ਪੂਜਾ ਦਾ ਖੰਡਨ ਕੀਤਾ ਗਿਆ ਹੈ ਅਤੇ ਪਰਮਾਤਮਾ ਨੂੰ ਸਰਬ-ਵਿਆਪਕ ਸਵੀਕਾਰ ਕੀਤਾ ਗਿਆ ਹੈ। ਡਾ. ਊਸ਼ਾ ਵੋਹਰਾ ਦੇ ਅਨੁਸਾਰ ਭਗਤਾਂ ਨੇ ਪ੍ਰਚੱਲਿਤ ਮੂਰਤੀ-ਪੂਜਾ ਨੂੰ ਮਾਨਤਾ ਨਹੀਂ ਦਿੱਤੀ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਪੱਥਰ ਅਤੇ ਧਾਤੂ ਨੂੰ ਈਸ਼ਵਰ ਦਾ ਰੂਪ ਮੰਨ ਲਈਏ ਤਾਂ ਆਪ ਡੁੱਬਣ ਵਾਲੀਆਂ ਮੂਰਤੀਆਂ ਆਪਣੇ ਭਗਤਾਂ ਦੀਆਂ ਮਨੋਕਾਮਨਾਵਾਂ ਕਿਵੇਂ ਪੂਰੀਆਂ ਕਰਨਗੀਆਂ ਭਗਤ ਕਬੀਰ ਬ੍ਰਹਮ ਨੂੰ ਅਜੂਨੀ ਮੰਨਦੇ ਸਨ। ਇਸ ਕਰਕੇ ਆਪ ਨੇ ਅਵਤਾਰ ਪੂਜਾ ਦਾ ਖੰਡਨ ਕੀਤਾ:

ਲਖ ਚਉਰਾਸੀ ਜੀਅ ਜੋਨਿ ਮਹਿ ਭ੍ਰਮਤ ਨੰਦ ਬਹੁ ਥਾਕੋ ਰੇ॥

ਭਗਤਿ ਹੇਤੁ ਅਵਤਾਰ ਲੀਓ ਹੈ ਭਾਗ ਬਡੋ ਬਪੁਰਾ ਕੋ ਰੇ॥

ਤੁਮ ਜੋ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ॥

ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥

ਸੰਕਟ ਨਹੀ ਪਰੈ ਜੋਨਿ ਨਹੀ ਆਵੈ ਨਾਮ ਨਿਰੰਜਨ ਜਾ ਕੋ ਰੇ॥

ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੋ ਮਾਈ ਨਾ ਬਾਪੋ ਰੇ॥[4]

ਹਿੰਦੂ ਧਾਰਮਿਕ ਗ੍ਰੰਥਾਂ ਨੇ ਬ੍ਰਾਹਮਣ ਨੂੰ ਧਰਤੀ ਦਾ ਦੇਵਤਾ ਕਰਾਰ ਦੇ ਦਿੱਤਾ ਸੀ। ਜਿਵੇਂ ਕਿ ਬ੍ਰਾਹਮਣ ਜਨਮ ਲੈਂਦਿਆਂ ਹੀ ਪ੍ਰਿਥਵੀ ਦੇ ਸਾਰੇ ਜੀਵਾਂ ਤੋਂ ਸ੍ਰੇਸ਼ਟ ਹੈ। ਇਸ ਸੰਸਾਰ ਵਿੱਚ ਜੋ ਵੀ ਸੰਪਤੀ ਹੈ ਉਹ ਸਾਰੀ ਬ੍ਰਾਹਮਣ ਦੀ ਨਿੱਜੀ ਹੈ। ਆਪਣੇ ਉੱਤਮ ਜਨਮ ਕਾਰਣ ਹੀ ਬ੍ਰਾਹਮਣ ਸਾਰੀਆਂ ਸੰਪਤੀਆਂ ਦੇ ਯੋਗ ਹੈ। ਬ੍ਰਾਹਮਣ ਜਦੋਂ ਪਰਾਇਆ ਅੰਨ ਖਾਂਦਾ ਹੈ, ਪਰਾਇਆ ਵਸਤਰ ਪਹਿਨਦਾ ਹੈ ਅਤੇ ਪਰਾਏ ਦਾ ਧਨ ਲੈ ਕੇ ਦੂਜਿਆਂ ਨੂੰ ਦਿੰਦਾ ਹੈ ਤਾਂ ਉਹ ਸਭ ਉਸ ਦੇ ਰਿਣੀ ਹਨ। ਇਸ ਦੇ ਉਲ਼ਟ ਭਗਤ ਕਵੀਆਂ ਨੇ ਬ੍ਰਹਮ ਨੂੰ ਸਰਵ-ਵਿਆਪੀ, ਸਰਵ-ਸ਼ਕਤੀਮਾਨ, ਨਿਰਭਉ ਆਦਿ ਕਿਹਾ। ਸਾਰੇ ਜੀਵ ਪਰਮਾਤਮਾ ਦੇ ਪੈਦਾ ਕੀਤੇ ਹੋਏ ਹਨ, ਇਕ ਹੀ ਬੂੰਦ ਤੋਂ ਉਤਪੰਨ ਹੋਏ ਹਨ ਅਤੇ ਸਾਰਿਆਂ ਦਾ ਪਾਲਣਹਾਰ ਵੀ ਇਕ ਹੀ ਹੈ:

ਸਭੈ ਘਟ ਰਾਮ ਬੋਲੈ ਰਾਮਾ ਬੋਲੈ॥

ਰਾਮ ਬਿਨਾ ਕੋ ਬੋਲੈ ਰੇ॥੧॥ ਰਹਾਓ॥

ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈ ਬਹੁ ਨਾਨਾ ਰੇ॥

ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮ ਸਮਾਨਾ ਰੇ॥

ਏਕ ਚਿੰਤਾ ਰਾਖੁ ਅਨੰਤਾ ਅਉਰ ਤਜੋ ਸਭ ਆਸਾ ਰੇ॥

ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ॥[5]

ਗੁਰੂ ਰਵਿਦਾਸ ਨੇ ਉਸ ਸਮੇਂ ਦੇ ਪ੍ਰਚੱਲਿਤ ਇਸ ਧਾਰਮਿਕ ਵਿਸ਼ਵਾਸ ਦੀ ਵਿਰੋਧਤਾ ਵੀ ਕੀਤੀ ਕਿ ਪ੍ਰਭੂ ਮੰਦਰਾਂ ਜਾਂ ਮਸੀਤਾਂ ਵਿੱਚ ਵਸਦਾ ਹੈ। ਉਨ੍ਹਾਂ ਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਪ੍ਰਭੂ ਪਰਮੇਸ਼ਰ ਦਾ ਵਾਸਾ ਤਾਂ ਇਨਸਾਨ ਦੇ ਮਨ ਅੰਦਰ ਹੈ। ਉਸ ਨੂੰ ਬਾਹਰ ਖੋਜਣ ਦੀ ਲੋੜ ਨਹੀਂ, ਉਹ ਪ੍ਰਭੂ ਤਾਂ ਇੰਨਾ ਨਜ਼ਦੀਕ ਹੈ ਕਿ ਜਿਸ ਤਰ੍ਹਾਂ ਸਾਡਾ ਹੱਥ ਸਾਡੇ ਨੇੜੇ ਹੈ।[6] ਬ੍ਰਾਹਮਣੀਕਲ ਵਿਚਾਰਧਾਰਾ ਵਾਲੇ ਲੋਕ ਪਰਮਾਤਮਾ ਨੂੰ ਮੰਦਰਾਂ, ਤੀਰਥ ਅਸਥਾਨਾਂ, ਜੰਗਲਾਂ, ਪਹਾੜਾਂ ਅੰਦਰ ਲੁਕਿਆ ਹੋਇਆ ਕਹਿੰਦੇ ਸਨ। ਜਿਸ ਕਰਕੇ ਆਮ ਲੋਕ ਪਰਮਾਤਮਾ ਨੂੰ ਇਨ੍ਹਾਂ ਥਾਂਵਾਂ ਤੇ ਖੋਜਦੇ ਸਨ। ਪਰ ਭਗਤ ਕਵੀਆਂ ਨੇ ਕਿਹਾ ਕਿ ਪਰਮਾਤਮਾ ਹਿਰਦੇ ਅੰਦਰ ਵਸਦਾ ਹੈ, ਉਸ ਨੂੰ ਬਾਹਰ ਭਾਲਣ ਦੀ ਜ਼ਰੂਰਤ ਨਹੀਂ ਹੈ। ਭਗਤ ਕਬੀਰ ਵੀ ਆਪਣੇ ਬ੍ਰਹਮ ਨੂੰ ਕਰੋੜਾਂ ਸੂਰਜਾਂ ਦੇ ਪ੍ਰਕਾਸ਼ ਤੋਂ ਜ਼ਿਆਦਾ ਪ੍ਰਕਾਸ਼ ਵਾਲਾ ਮੰਨਦੇ ਹਨ। ਕਰੋੜਾਂ ਬ੍ਰਾਹਮਣਾਂ ਦੇ ਗਿਆਨ ਤੋਂ ਜ਼ਿਆਦਾ ਗਿਆਨਵਾਨ ਅਤੇ ਸੁੰਦਰ ਹੈ ਕਿ ਕਰੋੜਾਂ ਅੱਪਛਰਾਂ ਉਸ ਤੋਂ ਆਪਣੇ ਆਪ ਨੂੰ ਨਿਛਾਵਰ ਕਰਨ ਲਈ ਤਤਪਰ ਹਨ। ਭਗਤ ਕਵੀਆਂ ਦਾ ਬ੍ਰਹਮ ਦਾ ਦਾਰਸ਼ਨਿਕ ਸੰਕਲਪ ਸਮਕਾਲੀ ਭਗਤੀ ਅੰਦੋਲਨ ਵਾਲੇ ਦਾਰਸ਼ਨਿਕ ਸੰਕਲਪਾਂ ਅਤੇ ਸਦਾਚਾਰਕ ਮਾਪਦੰਡਾਂ ਦੇ ਅਨੁਰੂਪ ਹੈ। ਇਨ੍ਹਾਂ ਭਗਤ ਕਵੀਆਂ ਦਾ ਸਿੱਧਾ ਵਿਰੋਧ ਕਿਉਂਕਿ ਬ੍ਰਾਹਮਣ ਅਥਵਾ ਪਰੋਹਿਤ ਵਰਗ ਦੀਆਂ ਉਪਾਸਨਾਵਾਂ ਅਤੇ ਪੂਜਾ ਵਿਧੀਆਂ ਨਾਲ ਸੀ। ਇਸ ਲਈ ਇਨ੍ਹਾਂ ਵਿੱਚ ਬ੍ਰਾਹਮਣਾਂ ਵਾਲੇ ਸਰਗੁਣ ਬ੍ਰਹਮ ਨਾਲੋਂ ਨਿਰਗੁਣ ਬ੍ਰਹਮ ਦਾ ਚਿਤਰਣ ਤਾਰਕਿਕ ਤੌਰ ਤੇ ਵਧੇਰੇ ਜ਼ਰੂਰੀ ਸੀ। ।।। ਭਗਤ ਨਾਮਦੇਵ ਬ੍ਰਹਮ ਦੇ ਸਰਗੁਣ ਸਰੂਪ ਅਤੇ ਉਸ ਨੂੰ ਰੀਝਾਉਣ ਲਈ ਵਰਤੀਆਂ ਜਾਂਦੀਆਂ ਵਿਧੀਆਂ ਨੂੰ ਤਰਕ-ਸੰਗਤ ਢੰਗ ਨਾਲ ਰੱਦਣ ਲੱਗੇ ਤੇ ਠਾਕਰ ਰੂਪ ਸਥਿਰ ਬ੍ਰਹਮ ਦਾ ਛਾਉਲਾ ਸਰਬ ਵਿਆਪਕ ਜਾਪਣ ਲੱਗਾ।[7]

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀ ਵਿਚ ਸਮਕਾਲੀ ਸਮਾਜ ਦੀਆਂ ਕਠੋਰ ਪ੍ਰਸਥਿਤੀਆਂ ਨਾਲ ਟੱਕਰ ਲੈ ਕੇ, ਪ੍ਰਭੂ ਦੀ ਸ਼ਕਤੀ ਨਾਲ ਬ੍ਰਹਮ ਬਾਰੇ ਅਜਿਹੀ ਵਿਚਾਰਧਾਰਾ ਅਭਿਵਿਅਕਤ ਕੀਤੀ ਜਿਹੜੀ ਨਿਰੋਲ ਕਿਸੇ ਦਾਰਸ਼ਨਿਕ ਮੱਤ ਤੱਕ ਸੀਮਿਤ ਨਾ ਰਹਿ ਕੇ ਸਰਬ-ਸਧਾਰਨ ਲਈ ਹਿੱਤਕਾਰੀ ਅਤੇ ਲੋਕ ਪ੍ਰਿਯ ਬਣ ਗਈ।

## ਜੀਵ

ਜੀਵ ਆਤਮਾ ਨੂੰ ਜਾਣਨ ਤੇ ਸਮਝਣ ਦਾ ਪ੍ਰਯਾਸ ਭਾਰਤੀ ਚਿੰਤਨ ਵਿੱਚ ਪ੍ਰਾਚੀਨ ਕਾਲ ਤੋਂ ਰਿਹਾ ਹੈ। ਜੀਵ ਜਿੱਥੇ ਜੈਵਿਕ ਹੋਂਦ ਹੈ, ਉੱਥੇ ਦਾਰਸ਼ਨਿਕ ਤੌਰ ਤੇ ਇਕ ਸੰਕਲਪ ਵੀ ਹੈ। ਸਮੁੱਚੇ ਅਧਿਆਤਮਕ ਫ਼ਲਸਫੇ ਵਿੱਚ ਜੀਵ ਪੰਜ ਤੱਤਾਂ ਦੇ ਮਿਲਾਪ ਰਾਹੀਂ ਹੋਂਦ ਗ੍ਰਹਿਣ ਕਰਦਾਹੈ। ਲੇਕਿਨ ਇਹ ਹੋਂਦ ਆਪਣੇ ਆਪ ਵਿੱਚ ਅਰਥ ਰੱਖਦੀ ਹੋਈ ਵੀ ਅਰਥਹੀਣ ਹੈ ਕਿਉਂਕਿ ਇਸ ਦੇ ਅਰਥ ਮਨੁੱਖ ਅੰਦਰਲੀ ਰੂਹ/ਚੇਤਨਾ ਨਾਲ ਜੁੜੇ ਹੋਏ ਹਨ। ਇਹੋ ਰੂਹ ਜਾਂ ਚੇਤਨਾ ਨੂੰ ਅਧਿਆਤਮਕ ਅਰਥਾਂ ਵਿੱਚ ਜੀਵਾਤਮਾ ਕਿਹਾ ਜਾਂਦਾ ਹੈ। ਜਿਸ ਨੂੰ ਅਮਰਤਾ ਪ੍ਰਾਪਤਹੈ। ਇਹੋ ਅਮਰਤਾ ਪਰਮਾਤਮਾ ਦੀ ਦੈਵੀ ਹੋਂਦ ਨਾਲ ਸਬੰਧਤ ਹੈ। ਇਸੇ ਕਰਕੇ ਸਮੁੱਚੇ ਅਧਿਆਤਮਕ ਫ਼ਲਸਫੇ ਵਿੱਚ ਸਰੀਰ ਨੂੰ ਨਾਸ਼ਵਾਨ ਅਤੇ ਆਤਮਾ ਨੂੰ ਨਾਸ਼-ਰਹਿਤ ਮੰਨਿਆ ਗਿਆ ਹੈ। ਜਦੋਂ ਜੀਵ



www.ignited.in

ਇਸ ਬ੍ਰਹਿਮੰਡਕ ਪਸਾਰੇ ਵਿੱਚ ਹੋਂਦ ਧਾਰਦਾ ਹੈ ਤਾਂ ਉਸ ਦੀ ਹੋਂਦ ਦਾ ਪਰਮ-ਲਕਸ਼ ਪਰਮਾਤਮਾ ਅੰਦਰ ਅਭੇਦ ਹੋਣ ਨਾਲ ਜਿੱਥੇ ਹਿੰਦੂ ਧਰਮ ਦਰਸ਼ਨ ਅਨੁਸਾਰ ਇਸ ਲਕਸ਼ ਨੂੰ ਪ੍ਰਾਪਤ ਕਰਨ ਲਈ ਧਾਰਮਿਕ ਰਹੁ ਰੀਤਾਂ, ਕਰਮ-ਕਾਂਡ ਅਤੇ ਹੋਰ ਅਜਿਹੇ ਅਡੰਬਰਾਂ ਉਪਰ ਬਲ ਦਿੰਦਾ ਹੈ ਤਾਂ ਉਥੇ ਭਗਤ ਬਾਣੀ ਹਿੰਦੂ ਧਾਰਮਿਕ ਪਰੰਪਰਾ ਦੇ ਪ੍ਰਤਿਰੋਧ ਵਿੱਚ ਇਸ ਨੂੰ ਵੱਖਰੇ ਤਰੀਕੇ ਨਾਲ ਪੇਸ਼ ਕਰਦੀ ਹੈ। ਦੇਵਿੰਦਰ ਕੁਮਾਰੀ ਮਹਿੰਦਰੂ ਅਨੁਸਾਰ ਆਤਮਾ ਦੇ ਦੋ ਰੂਪ ਹਨ-ਵਿਅਕਤ ਤੇ ਅਵਿਅਕਤ। ਉਹ ਗੁਣ ਜਿਹੜੇ ਸਰਬ ਸਮੇਂ ਲਈ ਸੱਤ ਹੁੰਦੇ ਹਨ ਉਹ ਇਸ ਦਾ ਅਵਿਅਕਤ ਰੂਪ ਹੈ ਆਤਮਾ ਦੇ ਵਿਅਕਤ ਰੂਪ ਨੂੰ ਜੀਵ ਕਿਹਾ ਜਾਂਦਾ ਹੈ। ਪਰਮਾਤਮਾ ਸੱਚ ਹੋਣ ਕਰਕੇ ਆਤਮਾ ਵੀ ਸੱਚ ਹੈ। ਬ੍ਰਹਮ ਰੂਪੀ ਆਤਮਾ ਅਹੰਕਾਰ ਦੇ ਵਸ ਪੈ ਕੇ ਜੀਵ ਕਹਾਉਣ ਲੱਗਦੀ ਹੈ। ਭਾਰਤੀ ਕਾਵਿ ਵਿੱਚ ਜੀਵ ਅਤੇ ਆਤਮਾ ਦੋਵਾਂ ਦਾ ਹੀ ਵਰਣਨ ਮਿਲਦਾ ਹੈ। ਇਹ ਜੀਵ ਪ੍ਰਭੂ ਦੀ ਅੰਸ਼ ਹੈ, ਪਰੰਤੂ ਅਵਿੱਦਿਆ ਦੇ ਹਨੇਰੇ ਵਿੱਚ ਆਪਣੀ ਜੋਤ ਨੂੰ ਗਵਾ ਚੁੱਕਿਆ ਹੈ, ਜਿਸ ਕਰਕੇ ਭਟਕ ਰਿਹਾ ਹੈ। ਭਗਤ ਕਬੀਰ ਅਫ਼ਸੋਸ ਨਾਲ ਕਹਿੰਦੇ ਹਨ ਕਿ ਜੀਵ ਨੇ ਉਸ ਪਰਮਾਤਮਾ ਨੂੰ ਭੁਲਾ ਦਿੱਤਾ ਹੈ, ਜਿਸ ਨੇ ਇਸ ਨੂੰ ਸਾਜਿਆ ਹੈ। ਉਹ ਭੁੱਲ ਜਾਣ ਵਾਲੀ ਕਾਇਆ ਨੂੰ ਮਿੱਥਿਆ ਕਹਿੰਦੇ ਹਨ। ਜਦ ਤੱਕ ਪ੍ਰਾਣੀਆਂ ਵਿੱਚ ਸਥਿਰ ਪਰਮ-ਤੱਤ ਆਪਣੇ ਵਾਸਤਵਿਕ ਜਾਂ ਸਦੀਵੀ ਸਰੂਪ ਵਿੱਚ ਰਹਿੰਦਾ ਹੈ, ਤਦ ਤੱਕ ਉਹ ਆਤਮਾ ਹੈ ਅਤੇ ਜਦ ਮਾਇਆ/ਅਵਿਦਿਆ ਦੇ ਪ੍ਰਭਾਵ ਕਰਕੇ ਜੀਵ ਆਪਣੀ ਸੁਤੰਤਰ ਹੋਂਦ ਸਮਝਣ ਲੱਗ ਜਾਂਦਾ ਹੈ, ਤਦ ਉਹ ਜੀਵ ਅਖਵਾਉਂਦਾ ਹੈ। ਸਪੱਸ਼ਟ ਹੈ ਕਿ ਬ੍ਰਹਮ ਅਤੇ ਜੀਵ ਵਿੱਚ ਕੋਈ ਅਧਾਰ-ਭੂਤ ਅੰਤਰ ਨਹੀਂ, ਦੋਵੇਂ ਇਕੋ ਹੀ ਹਨ, ਉਹਨਾਂ ਵਿੱਚ ਦਿਸਦਾ ਅੰਤਰ ਮਾਇਆ ਜਾਂ ਅਵਿੱਦਿਆ ਦੇ ਕਾਰਨ ਹੈ।[8] ਜਿਸ ਤਰ੍ਹਾਂ ਸਮੁੰਦਰ ਵਿੱਚ ਲਹਿਰਾਂ ਉਠਦੀਆਂ ਹਨ ਤੇ ਉਸੇ ਵਿੱਚ ਹੀ ਸਮਾ ਜਾਂਦੀਆਂ ਹਨਯ

ਅਨਿਲ ਅਗਮ ਜੈਸੇ ਲਹਰਿ ਮਇ ਓਦਖਿ ਜਲ ਕੇਵਲ ਜਲ ਮਾਹੀ॥[9]

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇ ਆਤਮਾ ਤੇ ਪ੍ਰਮਾਤਮਾ ਇਕ ਹੈ ਤਾਂ ਅੰਤਰ ਕਿਉਂ ਹੈ ਭਗਤ ਰਵਿਦਾਸ ਕਾਰਨ ਦੱਸਦੇ ਹਨ ਕਿ ਇਹ ਜੀਵ ਮਾਇਆ ਜਾਂ ਅਗਿਆਨ ਕਾਰਨ ਪੰਜ ਵਿਕਾਰਾਂ ਵਿੱਚ ਖਚਿਤ ਹੋ ਕੇ ਪਰਮਾਤਮਾ ਤੋਂ ਦੂਰ ਚਲਾ ਜਾਂਦਾ ਹੈ। ਜੀਵ ਦੁਨਿਆਵੀ ਸੁੱਖਾਂ ਨੂੰ ਹੀ ਜੀਵਨ ਦਾ ਮਨੋਰਥ ਸਮਝ ਕੇ ਆਪਣਾ ਆਪ ਗਵਾਈ ਜਾ ਰਿਹਾ ਹੈ। ਨਾਮਦੇਵ ਜੀ ਬਾਣੀ ਵਿੱਚ ਲਿਖਦੇ ਹਨ ਕਿ ਪਰਮਾਤਮਾ ਆਪ ਹੀ ਜੀਵਾਤਮਾਵਾਂ ਨੂੰ ਬਣਾਉਂਦਾ ਹੈ ਅਤੇ ਆਪੇ ਹੀ ਆਪ ਵਿੱਚ ਸਮਾ ਲੈਂਦਾ ਹੈ। ਇਹ ਇਸ ਦੀਆਂ ਖੇਲਾਂ ਤੇ ਚੋਜ ਹਨ।[10] ਜਦੋਂ ਜੀਵਾਤਮਾ ਮਾਇਆ ਦੇ ਪਰਦੇ ਨੂੰ ਪਾੜ ਕੇ ਬ੍ਰਹਮ ਨਾਲ ਅਭੇਦ ਹੋ ਜਾਂਦੀ ਹੈ ਤਾਂ ਸਾਧਕ ਆਪਣੇ ਟੀਚੇ ਦੀ ਪ੍ਰਾਪਤੀ ਕਰ ਲੈਂਦਾ ਹੈ। ਸੰਤ ਨਾਮਦੇਵ ਲਿਖਦੇ ਹਨਯ

ਜਹ ਅਨਹਤ ਸੂਰ ਉਜਾਰਾ॥ ਤਹ ਦੀਪਕ ਜਲੈ ਛੰਛਾਰਾ॥

ਗੁਰਪਰਸਾਦੀ ਜਾਨਿਆ॥ ਜਨ ਨਾਮਾ ਸਹਜ ਸਮਾਨਿਆ॥[11]

ਭਗਤ ਕਬੀਰ ਨੇ ਵੀ ਆਪਣੀ ਬਾਣੀ ਵਿੱਚ ਸ਼ੁੱਧ ਤੇ ਮੁਕਤ ਜੀਵ-ਆਤਮਾ ਨੂੰ ਹੰਸ ਕਿਹਾ ਹੈ। ਗੁਰੂ ਰਵਿਦਾਸ ਜੀ ਵੀ ਆਪਣੀ ਬਾਣੀ ਰਾਹੀਂ ਜੀਵ ਨੂੰ ਜੀਵਨ ਰੂਪੀ ਰਾਤ ਨੂੰ ਬੀਤਦੀ ਹੋਈ ਦੱਸਦੇ ਹਨ, ਜੀਵ ਨੂੰ ਪ੍ਰਭੂ ਭਗਤੀ ਵੱਲ ਤੇ ਮੋਹ ਮਾਇਆ ਤੋਂ ਛੁਟਕਾਰਾ ਪਾਉਣ ਲਈ ਜੀਵ ਨੂੰ ਪ੍ਰੇਰਦੇ ਹਨ। ਵੱਖੋ-ਵੱਖਰੀ ਜੀਵਨ ਅਵਸਥਾ ਵਿੱਚੋਂ ਗੁਜ਼ਰ ਰਹੇ ਜੀਵ ਨੂੰ ਜੀਵ ਦੀ ਹਾਲਤ ਬਾਰੇ ਦੱਸ ਕੇ ਅਤੇ ਸੰਸਾਰ ਦੀ ਨਾਸ਼ਮਾਨਤਾ ਦਾ ਜ਼ਿਕਰ ਕਰਦੇ ਹੋਏ, ਸਰਵ ਵਿਆਪੀ ਪਰਮਾਤਮਾ ਦਾ ਨਾਮ ਸਿਮਰਨ ਦਾ ਉਪਦੇਸ਼ ਆਪਣੀ ਬਾਣੀ ਰਾਹੀਂ ਦਿੰਦੇ ਹਨ।[12]

## ਜਗਤ

ਅਸੀਂ ਜਿਸ ਸੰਸਾਰ ਵਿੱਚ ਰਹਿੰਦੇ ਹਾਂ ਇਸਦੇ ਆਲੇ-ਦੁਆਲੇ ਨੂੰ ਜਾਨਣ, ਸਮਝਣ, ਉੱਤਪਤੀ, ਆਰੰਭ, ਅੰਤ ਆਦਿ ਬਾਰੇ ਗਿਆਨ ਪ੍ਰਾਪਤ ਕਰਨ ਲਈ ਮਨੁੱਖੀ ਮਨ ਵਿੱਚ ਸ਼ੁਰੂ ਤੋਂ ਜਗਿਆਸਾ ਰਹੀ ਹੈ। ਵੱਖ-ਵੱਖ ਧਰਮਾਂ ਦੇ ਦਾਰਸ਼ਨਿਕਾਂ ਤੇ ਵਿਦਵਾਨਾਂ ਨੇ ਆਪੋ-ਆਪਣੇ ਢੰਗ ਨਾਲ, ਕਲਪਨਾ ਤੇ ਬੁੱਧੀ ਅਨੁਸਾਰ ਸ੍ਰਿਸ਼ਟੀ ਰਚਨਾ ਦੀ ਬੁਝਾਰਤ ਨੂੰ ਸੁਲਝਾਉਣ ਦਾ ਯਤਨ ਕੀਤਾ ਹੈ। ਇਹ ਜਗਤ ਪਰਮਾਤਮਾ ਦੀ ਕਿਰਤ ਹੋਣ ਕਰਕੇ ਸਤਿ ਹੈ ਅਤੇ ਇਸ ਜਗਤ ਦੀ ਹਰੇਕ ਚੀਜ਼ ਨਾਸ਼ਮਾਨ ਹੈ, ਜਿਸ ਕਰਕੇ ਇਸ ਨੂੰ ਅਸਤਿ ਵੀ ਕਿਹਾ ਜਾਂਦਾ ਹੈ। ਭਗਤ ਰਵਿਦਾਸ ਨੇ ਲਿਖਿਆ ਹੈ:

ਜੋ ਦਿਨ ਆਵਹਿ ਸੋ ਦਿਨ ਜਾਹੀ॥

ਕਰਨਾ ਕੂਚ ਰਹਨੁ ਥਿਰੁ ਨਾਹੀ॥

ਸੰਗੁ ਚਲਤ ਹੈ ਹਮ ਭੀ ਚਲਨਾ॥

ਦੂਰ ਗਵਨੁ ਸਿਰ ਊਪਰਿ ਮਰਨਾ॥੧॥

ਤੈ ਜੀਵਨੁ ਜਗਿ ਸਚੁ ਕਰਿ ਜਾਨਾ॥

ਕਹਿ ਰਵਿਦਾਸ ਨਿਦਾਨਿ ਦਿਵਾਨੇ॥

ਚੇਤਸਿ ਨਾਹਿ ਦੁਨੀਆ ਫਨ ਖਾਨੇ॥[13]

ਭਗਤ ਕਵੀਆਂ ਨੇ ਲੋਕਾਂ ਨੂੰ ਸੁਚੇਤ ਕੀਤਾ ਕਿ ਇਹ ਸ੍ਰਿਸ਼ਟੀ/ਜਗਤ ਪਰਮਾਤਮਾ ਦੀ ਬਣਾਈ ਹੋਈ ਹੈ। ਇਸ ਸੰਸਾਰ ਵਿੱਚ ਰਹਿੰਦਿਆਂ ਪਖੰਡ ਨੂੰ ਤਿਆਗ ਕੇ ਹਰਿ ਦੇ ਸਰਣਾਗਤ ਹੋ ਕੇ ਸੇਵਾ ਕਰੋ। ਤੀਰਥਾਂ, ਜੰਗਲਾਂ ਆਦਿ ਵਿੱਚ ਭਟਕਣ ਦੀ ਲੋੜ ਨਹੀਂ, ਪਰਮਾਤਮਾ ਇਸ ਸੰਸਾਰ ਵਿੱਚ ਜਿਉਂਦਿਆਂ ਜੀਅ ਮਿਲ ਸਕਦਾ ਹੈ। ਮਰਨ ਤੋਂ ਬਾਅਦ ਭਾਵ ਇਸ ਸੰਸਾਰ ਤੋਂ ਬਾਹਰ ਜਾ ਕੇ ਪਰਮਾਤਮਾ ਨੂੰ ਮਿਲਣ ਦਾ ਸਵਾਲ ਹੀ ਪੈਦਾ ਨਹੀਂ ਹੰਦਾ। ਇਸ ਸੰਸਾਰ ਵਿਚ ਰਹਿ ਕੇ ਸਭ ਕੁਝ ਆਪਣੇ ਸਰੀਰ ਅੰਦਰੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਭਗਤ ਕਵੀਆਂ ਨੇ ਜਗਤ ਨੂੰ ਪਰਮਾਤਮਾ ਰੂਪੀ

ਬਾਜ਼ੀਗਰ ਦੀ ਬਾਜ਼ੀ ਦੇ ਰੂਪ ਵਿੱਚ ਚਿਤਰਿਆ ਹੈ। ਭਗਤ ਬਾਣੀ ਵਿੱਚ ਸ੍ਰਿਸ਼ਟੀ ਦਾ ਮੂਲ ਕਾਰਣ ਬ੍ਰਹਮ ਨੂੰ ਮੰਨਿਆ ਹੈਯ

ਕਹਿ ਰਵਿਦਾਸ ਬਾਜੀ ਜਗੁ ਭਾਈ ॥

ਬਾਜੀਗਰ ਸਉ ਮੁਹਿ ਪ੍ਰੀਤਿ ਬਨਿ ਆਈ॥[14]

ਬਾਜੀਗਰ ਡੰਕੁ ਬਜਾਈ ਸਭ ਖਲਕ ਤਮਾਸੇ ਆਈ॥

ਬਾਜੀਗਰ ਸਵਾਗ ਸਕੇਲਾ ਅਪਨੇ ਰੰਗ ਰਵੈ ਅਕੇਲਾ॥[15]

ਭਗਤ ਬਾਣੀ ਵਿੱਚ ਸੰਸਾਰ ਨੂੰ ਅਜਿਹੇ ਉਦਾੱਤ ਭਾਵ ਵਿੱਚ ਚਿਤਰਿਆ ਗਿਆ ਹੈ, ਜਿਸ ਨਾਲ ਜੰਮਣ ਤੇ ਮਰਣ ਦੂਰ ਹੋ ਜਾਵੇ। ਇਸ ਦੇ ਨਾਲ ਹੀ ਭਗਤ ਬਾਣੀ ਵਿੱਚ ਉਹ ਸੁਰ ਵੀ ਹੈ ਜੋ ਇੱਕ ਮਨੁੱਖ ਦੀ ਇਜ਼ਾਰੇਦਾਰੀ ਤੋਂ ਮੁਨਕਰ ਹੈ ਕਿਉਂਕਿ ਸਭ ਜੀਵ ਬਰਾਬਰ ਹਨ ਅਤੇ ਉਨ੍ਹਾਂ ਦਾ ਮਾਲਕ ਪਰਮਾਤਮਾ ਹੈ। ਇਕ ਮਨੁੱਖ ੋਤੇ ਦੂਜੇ ਦੀ ਕੋਈ ਹਕੂਮਤ ਨਹੀਂ ਹੋਣੀ ਚਾਹੀਦੀ। ਮਨੁੱਖੀ ਬਰਾਬਰਤਾ ਦੀ ਮਿਸਾਲ ਇਸ ਗੱਲ ਵਿੱਚ ਮਿਲਦੀ ਹੈ ਕਿ ਭਗਤ ਕਵੀਆਂ ਨੇ ਹਿੰਦੂ ਤੇ ਮੁਸਲਮਾਨ ਦੋਹਾਂ ਵਿੱਚ ਕੋਈ ਭੇਦ-ਭਾਵ ਨਾ ਕਰਦੇ ਹੋਏ ਮਨੁੱਖੀ ਕੀਮਤਾਂ ਤੇ ਸਦਭਾਵਨਾ ਦੀ ਗੱਲ ਕੀਤੀ। ਕਬੀਰ ਬਾਣੀ ਅਨੁਸਾਰ ਪਰਮਾਤਮਾ ਹਰ ਥਾਂ ਮੌਜੂਦ ਹੈ ਤੇ ਉਹ ਸਾਰੇ ਮਨੁੱਖਾਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਇਕ ਸਮਾਨ ਰੱਖਦਾ ਹੈ। ਉਸ ਦੇ ਹੁਕਮ ਮੁਤਾਬਿਕ ਸਾਰਿਆਂ ਨੂੰ ਇੱਕ ਸਮਝਣਾ ਚਾਹੀਦਾ ਹੈ।ੋਜਗਤ ਬਾਰੇ ਭਗਤਾਂ ਨੇ ਆਪਣਾ ਦ੍ਰਿਸ਼ਟੀਕੋਣ ਸਪੱਸ਼ਟ ਤੌਰ ੋਤੇ ਪ੍ਰਗਟਾਇਆ ਹੈ ਕਿ ਇਸ ਨੂੰ ਅੰਤਿਮ ਸੱਚ ਸਮਝਣਾ ਸਵੀਕਾਰ ਨਹੀਂ ਕਰਨਾ ਚਾਹੀਦਾ। ਜੋ ਜੀਵ ਇਸ ਜਗਤ ਨੂੰ ਸੱਚ ਸਮਝ ਕੇ ਪਰਮ ਸੱਤ ਨੂੰ ਭੁਲਾ ਦਿੰਦੇ ਹਨ ਤਾਂ ਉਹ ਬਹੁਤ ਵੱਡੀ ਭੁੱਲ ਕਰਦੇ ਹਨ। ਇਸ ਲਈ ਉਹ ਮਰਨ-ਜੰਮਣ ਦੇ ਗੇੜ ਵਿੱਚ ਹੀ ਪਏ ਰਹਿੰਦੇ ਹਨ। ਜਗਤ ਨੂੰ ਕੇਵਲ ਪਰਮ-ਸੱਤ ਦਾ ਅਟੁੱਟ ਅੰਸ਼ ਤੇ ਪ੍ਰਗਟਾਵਾ ਕਰਕੇ ਮੰਨਿਆ ਜਾਣਾ ਚਾਹੀਦਾ ਹੈ। ਕਬੀਰ ਜੀ ਅਨੁਸਾਰ ਇਹ ਜਗਤ ਤਾਂ ਮਨੁੱਖ ਲਈ ਮੋਖਸ਼ ਜਾਂ ਮੁਕਤੀ ਪ੍ਰਾਪਤ ਕਰਨ ਲਈ ਇਕ ਧਰਮਸ਼ਾਲਾ ਜਾਂ ਕਰਮ-ਭੂਮੀ ਹੈ। ਹਿੰਦੂਆਂ ਦੇ ਪ੍ਰਚੱਲਿਤ ਕਰਮ-ਕਾਂਡ, ਜੋਗੀ ਤੇ ਸਨਿਆਸੀ ਸੰਸਾਰ ਤੋਂ ਭਾਂਜਵਾਦ ਦਾ ਰਸਤਾ ਦੱਸਦੇ ਹਨ ਜਦਕਿ ਕਬੀਰ ਜੀ ਇਨ੍ਹਾਂ ਤੋਂ ਉਲ਼ਟ ਸੰਨਿਆਸ ਦਾ ਅਰਥ ਅੰਦਰੋਂ ਸਾਰੀਆਂ ਇੱਛਾਵਾਂ ੋਤੇ ਕਾਬੂ ਕਰਕੇ ਸੰਸਾਰ ਵਿੱਚ ਨਿਸ਼ਕਾਮ ਕਰਮ ਕਰਕੇ ਵਿਚਰਨਾ ਦੱਸਦੇ ਹਨ।[16]

ਕਬੀਰ ਠਾਕੁਰ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ॥

ਦੇਖਾ ਦੇਖੀ ਸਵਾਗ ਧਰਿ ਭੂਲੇ ਭਨਕਾ ਖਾਹਿ॥[17]

ੋਸੰਤ ਸਾਹਿਤ ਵਿੱਚ ਜਗਤ ਨੂੰ ਜੀਵ ਦੇ ਕਰਮ ਖੇਤਰ ਦੇ ਤੌਰ ੋਤੇ ਵਰਤਿਆ ਗਿਆ ਹੈ ਜਿੱਥੇ ਰਹਿ ਕੇ ਉਹ ਸੱਚਾ ਸੁਚਾ ਜੀਵਨ ਬਿਤਾਉਂਦੇ ਹੋਏ ਪਰਮਾਤਮਾ ਦੇ ਧਿਆਨ ਵਿਚ ਲੀਨ ਰਹਿ ਸਕਦਾ ਹੈ। ਨਾਮਦੇਵ ਕਹਿੰਦੇ ਹਨ ਕਿ ਇਹ ਸ੍ਰਿਸ਼ਟੀ ਉਸ ਪ੍ਰਭੂ ਨੇ ਪੈਦਾ ਕੀਤੀ ਹੈ ਪਰ ਉਸ ਨੇ ਹੀ ਇਸ ਨੂੰ ਭਰਮਾਂ ਵਿਚ ਪਾ ਦਿੱਤਾ ਹੈ। ਉਹ ਜਿਸ ੋਤੇ ਕਿਰਪਾ ਕਰਦਾ ਹੈ ਉਸ ਨੂੰ ਹੀ ਇਸ ਦੀ ਸਮਝ ਆਉਂਦੀ ਹੈ।[18] ਇਸ ਜਗਤ ਨੂੰ ਕੇਵਲ ਪਰਮ-ਸੱਤ ਦਾ ਅਟੁੱਟ ਅੰਸ਼ ਤੇ ਪ੍ਰਗਟਾਵਾ ਕਰਕੇ ਮੰਨਿਆ ਜਾਣਾ ਚਾਹੀਦਾ ਹੈ। ਇਸ ਜਗਤ ਨੂੰ ਦ੍ਰਿਸ਼ਟਮਾਨ ਤੇ ਅਦ੍ਰਿਸ਼ਟਮਾਨ ਦੋਹਾਂ ਰੂਪਾਂ ਵਿੱਚ ਦੇਖਣ ਕਰਕੇ ਹੀ ਇਸ ਨੂੰ ਮਾਇਆ ਸਮਝਿਆ ਗਿਆ ਹੈ। ਭਗਤੀ ਲਹਿਰ ਤੋਂ ਪਹਿਲਾਂ ਇਹ ਵਿਚਾਰਧਾਰਾ ਪ੍ਰਚੱਲਿਤ ਸੀ ਕਿ ਮੁਕਤੀ ਪ੍ਰਾਪਤ ਕਰਨ ਲਈ ਮਨੁੱਖ ਨੂੰ ਸੰਸਾਰ ਜਾਂ ਜਗਤ ਤੋਂ ਉਪਰਾਮਤਾ ਲੈਣੀ ਜ਼ਰੂਰੀ ਹੈ। ਇਸ ਨਾਲ ਜਗਿਆਸੂ ਸੰਸਾਰ ਤੋਂ ਭੱਜ ਕੇ ਗ੍ਰਹਿਸਥੀ ਜੀਵਨ ਨੂੰ ਤਿਆਗ ਦਿੰਦੇ ਹਨ। ਭਗਤਾਂ ਨੇ ਇਸ ਖ਼ਿਆਲ ਦੀ ਪੁਨਰ ਸਿਰਜਣਾ ਕਰਕੇ ਦੱਸਿਆ ਹੈ ਕਿ ਸੰਸਾਰ ਤੋਂ ਉਪਰਾਮ ਤੇ ਨਿਰਾਸ਼ ਹੋਣ ਦੀ ਜ਼ਰੂਰਤ ਨਹੀਂ, ਬਲਕਿ ਇਸ ਵਿਚ ਰਹਿੰਦਿਆਂ ਜੀਵਨ ਮਨੋਰਥ ਪੂਰਾ ਕਰਨ ਲਈ ਆਸ਼ਾਵਾਦੀ ਰਹੋ। ਜਿਸ ਕਰਕੇ ਲੋਕ ਗ੍ਰਹਿਸਥੀ ਜੀਵਨ ਵੱਲ ਮੁੜੇ ਤੇ ਜੀਵਨ ਸੰਘਰਸ਼ ਦੇ ਫ਼ਲਸਫੇ ਵਿਚ ਮੁੜ ਨਿਖ਼ਾਰ ਆਇਆ।ੋਗੁਰੂ ਰਵਿਦਾਸ ਨੇ ਭਉ ਸਾਗਰ ਤਰਨ ਲਈ, ਕਾਜਲ ਦੀ ਕੋਠੜੀ ਨੂੰ ਪ੍ਰਭੂ ਦੇ ਨਾਮ ਨਾਲ ਰੁਸ਼ਨਾਉਣ ਲਈ, ਦੁਨੀਆਂ ਫਨਖਾਨੇ ਵਿੱਚ ਪੰਧ ਸੰਵਾਰਨ ਲਈ, ਮਾਇਆ ਦੇ ਫੰਧੇ ਨੂੰ ਤੋੜਨ ਲਈ, ਇਸ ਸੰਸਾਰ ਨੂੰ ਬੇਗ਼ਮਪੁਰ ਬਣਾਉਣ ਦਾ ਸੁੰਦਰ ਵਿਚਾਰ ਦਿੱਤਾ ਹੈ। ਜਿੱਥੇ ਹਰ ਖੇਤਰ ਵਿੱਚ ਸਮਾਨਤਾ ਹੋਵੇ। ਅਮੀਰ ਗ਼ਰੀਬ, ਜਾਤ-ਪਾਤ ਆਦਿ ਦਾ ਕਿਸੇ ਗਲ ਦਾ ਕੋਈ ਵਿਤਕਰਾ ਨਾ ਹੋਵੇ।[19]

ਬੇਗਮਪੁਰਾ ਸਹਰ ਕਾ ਨਾਉ॥

ਦੂਖ ਅੰਦਹੋ ਨਹੀ ਤਿਹ ਠਾਉ॥

ਨਾ ਤਸਵੀਸ ਖਿਰਾਜ ਨਾ ਮਾਲ॥

ਖਉਫ ਨ ਖਤਾ ਨ ਤਰਸੁ ਜਵਾਲ॥[20]

ਸਪੱਸ਼ਟ ਹੈ ਕਿ ਜਗਤ ਨਾਸ਼ਵਾਨ ਹੈ। ਭਗਤ ਰਵਿਦਾਸ ਨੇ ਇਸ ਨੂੰ ਸਤਿ ਤੇ ਅਸਤਿ ਦੋਵੇਂ ਮੰਨਿਆ ਹੈ। ਇਸ ਦੁਵੱਲੀ ਸਥਾਪਨਾ ਨਾਲ ਸਵੈ-ਵਿਰੋਧ ਦਾ ਅਹਿਸਾਸ ਹੁੰਦਾ ਹੈ, ਪਰ ਕੀ ਕੋਈ ਸਚਮੁਚ ਵਿਰੋਧ ਹੈ ਇਹ ਗੱਲ ਨਹੀਂ। ਰਵਿਦਾਸ ਬਾਣੀ ਵਿੱਚ ਇਸ ਪ੍ਰਕਾਰ ਦੀ ਕੋਈ ਸਵੈ-ਵਿਰੋਧਤਾ ਨਹੀਂ। ਪਰਮਾਤਮਾ ਸਥਾਈ ਹੈ, ਸਦੀਵੀ ਹੈ। ਜਗਤ ਅਸਥਾਈ ਹੈ, ਪਰਿਵਰਤਨਸ਼ੀਲ ਹੈ। ਜੋ ਹੁਣ ਹੈ, ਕੁਝ ਸਮੇਂ ਬਾਅਦ ਨਹੀਂ ਹੋਵੇਗਾ, ਉਹ ਪਹਿਲਾਂ ਨਹੀਂ ਸੀ। ਇਸ ਤਰ੍ਹਾਂ ਨਾਮ-ਰੂਪਾਤਮਕ ਜਗਤ ਪਲ-ਪਲ ਬਦਲਦਾ ਹੈ, ਅਸਥਿਰ ਹੈ। ਫਿਰ ਇਸ ਨੂੰ ਸਤਿ ਮੰਨਣ ਦਾ ਇਕੋ-ਇਕ ਕਾਰਨ ਪ੍ਰਤੀਤ ਹੁੰਦਾ ਹੈ ਕਿ ਜੇ ਜਗਤ ਦੇ ਉਪਾਦਨ ਜਾਂ ਨਮਿਤ ਕਾਰਨ ਪਰਮ-ਤੱਤ ਨੂੰ ਸਤਿ ਮੰਨਿਆ ਜਾਵੇ ਤਾਂ ਉਸ ਦੇ ਕਾਰਜ ਨੂੰ ਵੀ ਸਤਿ ਮੰਨਣਾ ਪਵੇਗਾ।

## ਮਾਇਆ

ਮਾਇਆ ਦਾ ਸਿਧਾਂਤ ਪ੍ਰਾਚੀਨ ਕਾਲ ਤੋਂ ਪ੍ਰਚੱਲਿਤ ਹੈ। ਹੁਣ ਤੱਕ ਹੋਂਦ ਵਿਚ ਆਈਆਂ ਸਾਰੀਆਂ ਵਿਚਾਰਧਾਰਾਵਾਂ, ਸਾਰੇ ਫ਼ਲਸਫਿਆਂ ਅਤੇ ਮਤਾਂ-ਮਤਾਂਤਰਾਂ ਵਿੱਚ ਇਹ ਸਿਧਾਂਤ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਮੌਜੂਦ

www.ignited.in

ਰਿਹਾ ਹੈ। ਭਗਤ ਬਾਣੀ ਵਿਚ ਮਾਇਆ ਨੂੰ ਵੀ ਵੱਖ-ਵੱਖ ਰੂਪਾਂ ਵਿਚ ਚਿਤਰਿਆ ਗਿਆ ਹੈ, ਜਿਵੇਂ ਕਿ ਮਾਇਆ ਮੋਹਣੀ ਹੈ, ਸ਼ਕਤੀ ਹੈ, ਤ੍ਰਿਗੁਣੀ ਹੈ, ਮਿਥਿਆ ਹੈ, ਕਾਮਰੂਪੀ ਹੈ, ਕੁਦਰਤ ਰੂਪੀ ਹੈ। ਮਾਇਆ ਚੋਰੀ ਹੈ ਅਤੇ ਮਾਇਆ ਸੀਮਾ ਤੋਂ ਰਹਿਤ ਹੈ ਆਦਿ। ਭਗਤ ਕਵੀਆਂ ਨੇ ਮਾਇਆ ਦੇ ਵੱਖ-ਵੱਖ ਰੂਪਾਂ ਦਾ ਵਰਣਨ ਕਰਕੇ ਇਸ ਦੇ ਭਿਆਨਕ ਸਿੱਟਿਆਂ ਤੋਂ ਸੁਚੇਤ ਕੀਤਾ ਹੈ ਅਤੇ ਜੀਵ ਨੂੰ ਪ੍ਰਭੂ ਭਗਤੀ ਕਰਨ ਲਈ ਪ੍ਰੇਰਿਆ ਹੈ। ਜੀਵ ਆਤਮਾ ਪਰਮਾਤਮਾ ਦਾ ਹੀ ਇਕ ਅੰਸ਼ ਹੋਣ ਦੇ ਬਾਵਜੂਦ ਉਸ ਨਾਲੋਂ ਮਾਇਆ ਦੇ ਪਰਦੇ ਕਾਰਨ ਹੀ ਵਿਛੜੀ ਰਹਿੰਦੀ ਹੈ। ਜੀਵ ਮਾਇਆ ਕਾਰਨ ਹੀ ਹਉਮੈ ਦਾ ਰੋਗੀ ਬਣ ਜਾਂਦਾ ਹੈ ਤੇ ਸਤਿ ਨੂੰ ਅਸਤਿ ਸਮਝਣ ਲੱਗਦਾ ਹੈ। ਭਗਤ ਰਵਿਦਾਸ ਅਨੁਸਾਰ ਮਾਇਆ ਦੇ ਪਰਦੇ ਕਾਰਨ ਹੀ ਪਰਮਾਤਮਾ ਨਜ਼ਰ ਨਹੀਂ ਆਉਂਦਾ ਤੇ ਜੀਵ ਦੁੱਖ ਭੋਗਦਾ ਹੈ, ਜਿਵੇਂਯ

ਸੰਪਤਿ ਬਿਪਤਿ ਪਟਲ ਮਾਇਆ ਧਨ॥

ਤਾ ਮਹਿ ਮਗਨ ਹੋਤ ਨ ਤੇਰੋ ਜਨੁ॥[21]

ਭਗਤ ਬਾਣੀ ਵਿੱਚ ਮਾਇਆ ਨੂੰ ਮਿਥਿਆ ਕਿਹਾ ਗਿਆ ਹੈ ਅਤੇ ਇਸ ਦੀ ਖ਼ਾਤਰ ਭੱਜ ਦੌੜ ਕਰਨਾ ਫ਼ਜ਼ੂਲ ਹੈ ਫ਼ ਇਹ ਸਭ ਜੀਵਾਂ ਨੂੰ ਆਪਣੇ ਮੋਹ ਵਿੱਚ ਫਸਾ ਲੈਂਦੀ ਹੈ। ਜਿਸ ਕਰਕੇ ਜੀਵ ਪਰਮਾਤਮਾ ਨੂੰ ਵਿਸਾਰ ਦਿੰਦਾ ਹੈਯ

ਮਾਯਾ ਮੋਹਿਲਾ ਕਾਨਾ ਮੈ ਜਨ ਸਵੇਰਾ ਤੇਰਾ॥

ਸੰਸਾਰ ਪ੍ਰਪੰਚ ਹੌ ਵਯਾਕੁਲ ਰਾਮਾਨੰਦਾ॥

ਤ੍ਰਾਹਿ ਤ੍ਰਾਹਿ ਅਨਾਥ ਨਾਥ ਗੋਬਿੰਦਾ॥

ਰਵਿਦਾਸ ਬਿਨਵੈ ਕਰ ਜੋਰੀ ਅਵਿਭਤ ਨਾਥ ਕਵਨ ਮੋਰੀ॥[22]

ਮਾਇਆ ਪਰਮਾਤਮਾ ਦੀ ਸ਼ਕਤੀ ਹੈ ਅਤੇ ਇਸ ਦਾ ਪਸਾਰਾ ਇੰਨਾ ਪ੍ਰਬਲ ਹੈ ਕਿ ਕੋਈ ਇਸ ਦੇ ਅਧਿਕਾਰ ਖੇਤਰ ਤੋਂ ਬਚ ਨਹੀਂ ਸਕਦਾ। ਭਗਤ ਬਾਣੀ ਵਿਚ ਮਾਇਆ ਨੂੰ ਕਾਲ ਰੂਪੀ ਮੰਨਿਆ ਗਿਆ ਹੈ। ਸਮੇਂ ਦੇ ਨਾਲ ਜੀਵ ਅਤੇ ਮਾਇਆ ਦੇ ਬੰਧਨ ਅਜਿਹੇ ਹੋ ਜਾਂਦੇ ਹਨ ਜਿੰਨ੍ਹਾਂ ਤੋਂ ਛੁਟਕਾਰਾ ਪਾਉਣਾ ਮੁਸ਼ਕਿਲ ਹੋ ਜਾਂਦਾ ਹੈ। ਜੀਵ ਇਸ ਜਗਤ ਵਿੱਚ ਕਾਲ ਦੌਰੇ ਤੇ ਆਉਂਦਾ ਹੈ। ਮਾਇਆ ਜੀਵ ਨੂੰ ਤਿੰਨਾਂ ਲੋਕਾਂ ਵਿੱਚ ਪ੍ਰੇਸ਼ਾਨ ਕਰਦੀ ਹੈਯ

ਕਾਲ ਦੌਰੇ ਤੇ ਆਇਓ ਜੀਵਨ ਨਾਮ ਅਮੀਰਸ ਬਿਰਲੇ ਪੀਵਨ॥

ਰਵਿਦਾਸ ਭੁਲੇ ਬੈਹ ਜਗ ਲੋਕਾ ਕਾਲ ਮਾਇਆ ਆਡੰਬਰ ਤ੍ਰਿਲੋਕਾ॥[23]

ਭਗਤ ਬਾਣੀ ਅਨੁਸਾਰ ਮਾਇਆ ਈਸ਼ਵਰ ਦੀ ਸ਼ਕਤੀ ਹੈ, ਪਰ ਪਰਮਾਤਮਾ ਮਾਇਆ ਤੋਂ ਅਲਿਪਤ ਹੈ। ਭਗਤਾਂ ਨੇ ਜ਼ਿਆਦਾਤਰ ਮਾਇਆ ਦਾ ਛਲ ਕਪਟ ਵਾਲਾ ਰੂਪ ਹੀ ਬਿਆਨ ਕੀਤਾ ਹੈ। ਭਗਤ ਨਾਮਦੇਵ ਮਾਇਆ ਨੂੰ ਅਜਿਹੀ ਗਰਭ ਜੂਨੀ ਕਹਿੰਦੇ ਹਨ, ਜਿਸ ਦਾ ਤਿਆਗ ਕਰਨ ਤੇ ਹੀ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਮਾਇਆ ਤੋਂ ਨਿਰਲਿਪਤ ਰਹਿ ਕੇ ਹੀ ਇਸ ਸੰਸਾਰ ਤੋਂ ਭਾਵ ਜੂਨੀਆਂ ਤੋਂ, ਭਟਕਣ ਤੋਂ ਛੁਟਿਆ ਜਾ ਸਕਦਾ ਹੈ। ਸੰਸਾਰ ਦੇ ਵਿਸ਼ੇ ਵਿਕਾਰਾਂ ਅਤੇ ਵਿਸ਼ੇਸ਼ ਕਰਕੇ ਮੋਹ ਜਾਲ ਨੂੰ ਸੰਤ ਨਾਮਦੇਵ ਜੀ ਨੇ ਮਾਇਆ ਦੇ ਤਗੜੇ ਸਰੂਪ ਨੂੰ ਮੰਨਿਆ ਹੈ ਅਤੇ ਇਨ੍ਹਾਂ ਤੋਂ ਬਚ ਕੇ ਰਹਿਣਾ ਹੀ ਗੁਰਮੁੱਖ ਬਿਰਤੀ ਹੈ।[24]

ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਇਉ॥

ਮਾਇਆ ਨਾਮ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ॥[25]

ਕਬੀਰ ਸਾਹਿਬ ਨੇ ਦੁੱਖ-ਸੁੱਖ, ਜਨਮ ਮਰਨ ਤੇ ਜਗਤ ਦਾ ਮੂਲ ਕਾਰਨ ਮਾਇਆ ਨੂੰ ਹੀ ਮੰਨਿਆ ਹੈ। ਸ਼ਾਸਤਰਾਂ ਵਿੱਚ ਮਾਇਆ ਨੂੰ ਵਿੱਦਿਆ ਤੇ ਅਵਿੱਦਿਆ ਮੰਨਿਆ ਗਿਆ ਹੈ। ਪਰ ਕਬੀਰ ਜੀ ਮਾਇਆ ਦੇ ਅਵਿੱਦਿਆ ਰੂਪ ਨੂੰ ਹੀ ਮੰਨਦੇ ਹਨ। ਕਬੀਰ ਜੀ ਤਾਂ ਇਥੋਂ ਤੱਕ ਦੱਸਦੇ ਹਨ ਕਿ ਮਾਇਆ ਨੇ ਤਾਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਰਗੇ ਵੱਡੇ-ਵੱਡੇ ਦੇਵਤੇ ਠੱਗ ਲਏ ਹਨ। ਮਾਇਆ ਤੋਂ ਵੱਧ ਸ਼ਕਤੀਸ਼ਾਲੀ ਇਸ ਸੰਸਾਰ ਵਿੱਚ ਕੋਈ ਨਹੀਂ ਹੈ। ਇਸ ਕਰਕੇ ਉਹ ਮਾਇਆ ਦੀ ਤੁਲਨਾ ਸਪਨੀ ਨਾਲ ਕਰਦੇ ਹਨ।[26]

ਸਰਪਨੀ ਤੇ ਊਪਰਿ ਨਹੀ ਬਲੀਆ॥

ਜਿਨ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥੧॥

ਮਾਰ ਮਾਰ ਸ੍ਰਪਨੀ ਨਿਰਮਲ ਜਲਿ ਪੈਠੀ॥

ਜਿਨ ਤ੍ਰਿਭਵਣ ਡਸੀਅਲੇ ਗੁਰ ਪ੍ਰਸਾਦਿ ਡੀਠੀ॥੨॥[26]

ਭਗਤ ਕਵੀਆਂ ਨੇ ਆਪਣੀ ਆਪਣੀ ਬਾਣੀ ਰਾਹੀਂ ਮਾਇਆ ਤੋਂ ਛੁਟਕਾਰਾ ਪਾਉਣ ਸਬੰਧੀ ਦੱਸਿਆ ਹੈ ਅਤੇ ਮਨੁੱਖੀ ਜੀਵ ਨੂੰ ਪ੍ਰਭੂ ਭਗਤੀ, ਗੁਰੂ ਦੀ ਸ਼ਰਣ, ਨਾਮ ਸਿਮਰਨ, ਸਤਿ ਸੰਗਤ ਆਦਿ ਕਰਨ ਦੀ ਸਿੱਖਿਆ ਵੀ ਦਿੱਤੀ ਹੈ। ਇਨ੍ਹਾਂ ਵਿਧੀਆਂ ਨੂੰ ਅਪਣਾਉਣ ਨਾਲ ਤੇ ਪ੍ਰਭੂ ਦੀ ਕਿਰਪਾ ਨਾਲ ਜੀਵ ਦਾ ਮਾਇਆ ਤੋਂ ਛੁਟਕਾਰਾ ਹੋ ਸਕਦਾ ਹੈ। ਭਗਤ ਕਵੀਆਂ ਨੇ ਆਪਣੀ ਬਾਣੀ ਰਾਹੀਂ ਮਾਇਆ ਦੇ ਭਿਆਨਕ ਰੂਪ ਤੋਂ ਛੁਟਕਾਰਾ ਪਾਉਣ ਲਈ ਇਸ ਤੋਂ ਦੂਰ ਰਹਿਣ ਦਾ ਉਪਦੇਸ਼ ਕੀਤਾ ਹੈ।

## ਮੁਕਤੀ

ਵੱਖ-ਵੱਖ ਧਾਰਮਿਕ ਗ੍ਰੰਥਾਂ ਵਿੱਚ ਮੁਕਤੀ ਦੇ ਸੰਕਲਪ ਬਾਰੇ ਜ਼ਿਕਰ ਮਿਲਦਾ ਹੈ। ਮੁਕਤੀ ਦਾ ਅਰਥ ਹੈ ਜਨਮ ਮਰਨ ਦੇ ਚੱਕਰ ਤੋਂ ਛੁਟਕਾਰਾ ਪਾ ਕੇ ਪਰਮਾਤਮਾ ਦੇ ਚਰਨਾਂ ਵਿੱਚ ਨਿਵਾਸ ਕਰਨਾ। ਰਵਿਦਾਸ ਜੀ ਸੰਸਾਰਕ ਝਮੇਲਿਆਂ ਵਿੱਚੋਂ ਨਿਕਲ ਕੇ ਐਸੀ ਦੁਨੀਆਂ ਵਿੱਚ ਜਾਣਾ ਲੋਚਦੇ ਹਨ, ਜਿਸ ਨੂੰ ਉਹ ਬੇਗਮਪੁਰਾ ਕਹਿੰਦੇ ਹਨ।[28] ਹਰੇਕ ਮਤ ਨੇ ਮੁਕਤੀ ਦੇ

ਸੰਕਲਪ ਦੀ ਪ੍ਰੋੜਤਾ ਕੀਤੀ ਹੈ। ਭਗਤ ਕਵੀਆਂ ਨੇ ਵੀ ਆਪਣੀ ਬਾਣੀ ਵਿੱਚ ਮੁਕਤੀ ਦੇ ਸੰਕਲਪ ਬਾਰੇ ਚਰਚਾ ਕੀਤੀ ਹੈ। ਭਗਤ ਬਾਣੀ ਅਨੁਸਾਰ ਇਹ ਜਗਤ ਤਾਂ ਮਨੁੱਖ ਲਈ ਮੋਕ਼ਸ਼ ਜਾਂ ਮੁਕਤੀ ਪ੍ਰਾਪਤ ਕਰਨ ਲਈ ਇਕ ਧਰਮਸ਼ਾਲਾ ਜਾਂ ਕਰਮ ਭੂਮੀ ਹੈ।[29] ਮੱਧਕਾਲ ਵਿੱਚ ਮੁਕਤੀ ਪ੍ਰਾਪਤ ਕਰਨ ਲਈ ਕਰਮ-ਕਾਂਡ, ਪਾਖੰਡ ਤੇ ਹੋਰ ਕਈ ਕਿਸਮ ਦੇ ਢੋਂਗ ਕੀਤੇ ਜਾਂਦੇ ਸਨ। ਦੇਵਤਿਆਂ ਨੂੰ ਕਈ ਕਿਸਮ ਦੀਆਂ ਵਸਤੂਆਂ ਚੜ੍ਹਾਈਆਂ ਜਾਂਦੀਆਂ ਸਨ। ਠਾਕਰਾਂ ਨੂੰ ਦੁੱਧ ਨਾਲ ਇਸ਼ਨਾਨ ਕਰਾਇਆ ਜਾਂਦਾ ਸੀ। ਸੁੱਚ ਦਾ ਧਿਆਨ ਰੱਖਿਆ ਜਾਂਦਾ ਸੀ, ਪਰ ਭਗਤਾਂ ਨੇ ਆਪਣੀ ਬਾਣੀ ਵਿੱਚ ਇਨ੍ਹਾਂ ਕਰਮ-ਕਾਂਡਾਂ ਪ੍ਰਤਿ ਪ੍ਰਤਿਰੋਧ ਜ਼ਾਹਿਰ ਕੀਤਾ ਕਿ ਦੁੱਧ ਤਾਂ ਪਹਿਲਾਂ ਵੱਛੇ ਨੇ ਜੂਠਾ ਕੀਤਾ ਹੁੰਦਾ ਹੈ, ਫੁੱਲ ਭੰਵਰੇ ਨੇ ਜੂਠੇ ਕੀਤੇ ਹੁੰਦੇ ਹਨ ਤੇ ਪਾਣੀ ਮੱਛਲੀ ਨੇ। ਇਸ ਲਈ ਸੱਚੀ ਭੇਟ ਤਾਂ ਆਪਣਾ ਤਨ ਮਨ ਹੀ ਹੈ। ਭਗਤ ਕਬੀਰ ਆਪਣੇ ਅੰਤਿਮ ਦਿਨਾਂ ਤੱਕ ਬਨਾਰਸ ਵਿਚ ਹੀ ਰਹਿੰਦੇ ਰਹੇ, ਜੋ ਬਹੁਤੇ ਹਿੰਦੂਆਂ ਦੇ ਵਿਸ਼ਵਾਸ ਅਨੁਸਾਰ ਮੁਕਤੀ ਦਾ ਧਾਮ ਹੈ। ਇਥੋਂ 15 ਕਿਲੋਮੀਟਰ ਦੂਰ ਮਗਹਰੋ ਸ਼ਹਿਰ ਹੈ, ਜਿੱਥੇ ਮਰਨ ਵਾਲੇ ਨੂੰ ਬ੍ਰਾਹਮਣੀਕਲ ਵਿਸ਼ਵਾਸ ਅਨੁਸਾਰ ਕਦੇ ਵੀ ਮੁਕਤੀ ਪ੍ਰਾਪਤ ਨਹੀਂ ਹੁੰਦੀ ਅਤੇ ਉਥੇ ਮਰਨ ਵਾਲਾ ਵਿਅਕਤੀ ਗਧੇ ਦੀ ਜੂਨੀ ਵਿੱਚ ਪੈਂਦਾ ਹੈ, ਪਰ ਭਗਤ ਕਬੀਰ ਨੇ ਇਸ ਕਰਮ-ਕਾਂਡ ਦੀ ਨਿਖੇਧੀ ਕੀਤੀ। ਉਹ ਆਪਣੇ ਜੀਵਨ ਦੇ ਅਖੀਰਲੇ ਸਮੇਂ ਮਗਹਰੋ ਵਿੱਚ ਰਹੇ ਅਤੇ ਲਿਖਿਆ ਕਿ ਪਰਮਾਤਮਾ ਦਾ ਨਾਮ ਜਪਣ ਵਾਲਾ ਵਿਅਕਤੀ ਮਗਹਰੋ ਵਿੱਚ ਜਾ ਕੇ ਵੀ ਮੁਕਤੀ ਪ੍ਰਾਪਤ ਕਰ ਸਕਦਾ ਹੈਯ

ਬਹੁਤ ਬਰਸ ਤਪ ਕੀਆ ਕਾਸੀ॥

ਮਰਨ ਭਇਆ ਮਗਹਰ ਕੀ ਬਾਸੀ॥

ਕਾਸੀ ਮਗਹਰ ਸਮ ਬੀਚਾਰੀ॥

ਓਛੀ ਭਗਤਿ ਕੈਸੇ ਉਤਰਸਿ ਪਾਰੀ॥

ਕਹੁ ਕਬੀਰ ਗਜਿ ਸਿਵ ਸਭ ਦੋ ਜਾਨੇ॥

ਮੂਆ ਕਬੀਰ ਰਮਤ ਸ੍ਰੀ ਰਾਮੈ॥[30]

ਕਵਨੁ ਨਰਕ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥

ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥[31]

ਭਗਤ ਕਵੀਆਂ ਨੇ ਧਰਮ ਨੂੰ ਸਿਰਫ਼ ਚਰਚਾ ਤੱਕ ਹੀ ਸੀਮਿਤ ਨਹੀਂ ਰਹਿਣ ਦਿੱਤਾ, ਸਗੋਂ ਇਸ ਨੂੰ ਭਗਤੀ ਮਾਰਗ ਦੇ ਸਹੀ ਸਾਧਨਾਂ ਅਨੁਸਾਰ ਗੁਰੂ ਦੇ ਗਿਆਨ ਅਤੇ ਨਾਮ ਸਿਮਰਨ ਰਾਹੀਂ ਆਪਣੇ ਜੀਵਨ ਵਿੱਚ ਅਮਲ ਕਰਕੇ ਲੋਕਾਂ ਅੱਗੇ ਰੱਖਿਆ ਅਤੇ ਸਿੱਖਿਆ ਦਾ ਪ੍ਰਸੰਗ ਬਣਾਇਆ, ਜੋ ਭਗਤੀ ਲਹਿਰ ਦੀ ਧਰਮ ਅਤੇ ਦਰਸ਼ਨ ਨੂੰ ਨਿਵੇਕਲੀ ਦੇਣ ਹੈ। ਸੰਤ ਨਾਮਦੇਵ ਜੀ ਨੇ ਮੁਕਤੀ ਪ੍ਰਾਪਤੀ ਨੂੰ ਕਿਸੇ ਖ਼ਾਸ ਵਰਗ ਜਾਂ ਜਾਤ ਵਰਣ ਦਾ ਨਿੱਜੀ ਅਧਿਕਾਰ ਸਵੀਕਾਰ ਨਹੀਂ ਕੀਤਾ, ਕਿਉਂਕਿ ਇਸ ਦਾ ਸਬੰਧ ਮਨੁੱਖ ਨਾਲ ਹੈ, ਇਸ ਲਈ ਹਰੇਕ ਮਨੁੱਖ ਮੁਕਤੀ ਨੂੰ ਪ੍ਰਾਪਤ ਕਰ ਸਕਦਾ ਹੈ। ਨਾਮਦੇਵ ਜੀ ਨੇ ਮੁਕਤੀ ਪ੍ਰਾਪਤੀ ਲਈ ਕਿਸੇ ਕਿਸਮ ਦੀ ਤਪ-ਸਾਧਨਾ ਅਤੇ ਹੋਰ ਕਰਮ-ਕਾਂਡ ਨੂੰ ਪ੍ਰਵਾਨ ਨਹੀਂ ਕੀਤਾ।[32] ਭਗਤ ਨਾਮਦੇਵ ਗੁਰੂ ਨੂੰ ਹੀ ਮੁਕਤੀ ਪ੍ਰਾਪਤੀ ਦਾ ਵਸੀਲਾ ਮੰਨਦੇ ਹਨਯ

ਮੋ ਕਉ ਤਾਰਿ ਲੇ ਰਾਮਾ ਤਾਰਿ ਲੇ॥

ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਰ ਬੀਠਲਾ ਬਾਹ ਦੇ॥[33]

ਵਿਸ਼ਨੂੰ ਕਾਂਤ ਸ਼ਾਸਤਰੀ ਲਿਖਦੇ ਹਨ ਕਿ ਕਬੀਰ ਸਾਹਿਬ ਲਈ ਮੰਦਿਰ, ਮਸਜਿਦ, ਕਾਸ਼ੀ, ਕਾਬਾ ਸਭ ਇਕੋ ਜਿਹੇ ਹਨ, ਪਰ ਲੋਕ ਇਨ੍ਹਾਂ ਧਰਮਾਂ ਦੇ ਨਾਵਾਂ ਕਰਕੇ ਝਗੜਦੇ ਰਹਿੰਦੇ ਹਨ, ਜਦੋਂਕਿ ਮਨੁੱਖ ਆਪਣੇ ਸਰੀਰ ਅੰਦਰੋਂ ਪਰਮਾਤਮਾ ਨੂੰ ਪਾ ਸਕਦਾ ਹੈ। ਭਗਤ ਕਬੀਰ ਵੱਖ-ਵੱਖ ਫ਼ਿਰਕਿਆਂ ਵੱਲੋਂ ਧਾਰਨ ਕੀਤੇ ਜਾਂਦੇ ਭੇਖਾਂ ਨੂੰ ਵੀ ਵਿਅੰਗ ਦਾ ਨਿਸ਼ਾਨਾ ਬਣਾਉਂਦੇ ਹਨ। ਜੇ ਨੰਗੇ ਫਿਰਨ ਨਾਲ ਜੋਗੀ ਬਣ ਜਾਈਦਾ ਹੈ ਤਾਂ ਜੰਗਲਾਂ ਵਿੱਚ ਵਿਚਰਣ ਵਾਲੇ ਸਾਰੇ ਜੀਵ-ਜੰਤੂ ਪਰਮ ਜੋਗੀ ਹੋਏ। ਜੇ ਮੂੰਹ ਸਿਰ ਮੁਨਾਉਣ ਨਾਲ ਮੁਕਤੀ ਮਿਲਦੀ ਹੋਵੇ ਤਾਂ ਸਾਰੀਆ ਭੇਡਾਂ ਸੁਰਗਾਂ ਨੂੰ ਜਾਣਗੀਆਂ। ਇਸੇ ਤਰ੍ਹਾਂ ਜੇ ਕਾਮ ਸਬੰਧਾਂ ਤੋਂ ਪਰ੍ਹੇ ਰਹਿਣ ਨਾਲ ਮੁਕਤੀ ਮਿਲਦੀ ਤਾਂ ਸਾਰੇ ਖੁਸਰੇ ਪਰਮ ਗਤੀ ਪ੍ਰਾਪਤ ਕਰ ਲੈਣਗੇ। ਜੋਗੀਆਂ ਦੇ ਭੇਖਾਂ ਦਾ ਖੰਡਨ ਕਰਦੇ ਹੋਏ ਕਬੀਰ ਜੀ ਫਰਮਾਉਂਦੇ ਹਨ ਕਿ ਪਰਮਾਤਮਾ ਦੀ ਅਨਿੰਨ ਭਗਤੀ ਤੋਂ ਬਿਨਾਂ ਕੋਈ ਵੀ ਭੇਖ ਜਾਂ ਕਰਮ-ਕਾਂਡ ਮਨੁੱਖ ਦੀ ਮੁਕਤੀ ਦਾ ਦਾਅਵਾ ਨਹੀਂ ਕਰ ਸਕਦਾ।[34]

ਉਪਰੋਕਤ ਤੋਂ ਸਪੱਸ਼ਟ ਹੈ ਕਿ ਮੱਧਕਾਲੀਨ ਭਾਰਤ ਵਿੱਚ ਭਗਤ ਕਵੀਆਂ ਨੇ ਆਪਣੀ ਬਾਣੀ ਜ਼ਰੀਏ ਦਾਰਸ਼ਨਿਕ ਸਿਧਾਂਤ ਪੇਸ਼ ਕੀਤੇ। ਬ੍ਰਾਹਮਣੀਕਲ ਵਿਚਾਰਧਾਰਾ ਤੇ ਬਾਹਰਲੀਆਂ ਸਭਿਆਤਾਵਾਂ ਦੇ ਪ੍ਰਭਾਵ ਕਰਕੇ ਆਮ ਲੋਕ ਭਾਰਤੀ ਸੰਸਕ੍ਰਿਤੀ, ਮਨੁੱਖਤਾ ਤੇ ਅਧਿਆਤਮਕਤਾ ਤੋਂ ਦੂਰ ਹੁੰਦੇ ਜਾ ਰਹੇ ਸੀ। ਉਹ ਫੋਕਟ ਕਰਮ-ਕਾਂਡਾਂ ਦੇ ਜਾਲ ਵਿੱਚ ਫ਼ਸ ਕੇ ਅਧਿਆਤਮਕਤਾ ਤੇ ਨੈਤਿਕ ਸਦਾਚਾਰ ਤੋਂ ਸੱਖਣੇ ਸਨ। ਇਨ੍ਹਾਂ ਸਾਰੇ ਮਾਰੂ ਪ੍ਰਭਾਵਾਂ ਕਰਕੇ ਭਗਤ ਬਾਣੀ ਵਿੱਚ ਦਾਰਸ਼ਨਿਕ ਸਿਧਾਂਤਾਂ ਦੀ ਪੁਨਰ ਵਿਆਖਿਆ ਕੀਤੀ ਅਤੇ ਭਗਤ ਕਵੀਆਂ ਨੇ ਇਨ੍ਹਾਂ ਖ਼ਿਲਾਫ਼ ਪ੍ਰਤਿਰੋਧ ਪੈਦਾ ਕੀਤਾ। ਭਗਤ ਕਵੀਆਂ ਨੇ ਭਾਰਤੀ ਸਿਧਾਂਤਾਂ ਦਾ ਸਮਾਜੀਕਰਨ ਕੀਤਾ ਅਤੇ ਮਾਇਆਵਾਦ ਤੇ ਸ਼ੂਨਯਵਾਦ ਦੀ ਘੁੰਮਣ-ਘੇਰੀ ਦੇ ਮਾਰੂ ਪ੍ਰਭਾਵਾਂ ਤੋਂ ਮੁਕਤ ਕਰਕੇ ਠੋਸ ਦਾਰਸ਼ਨਿਕ ਯੋਗਦਾਨ ਪਾਇਆ। ਸਿਧਾਂਤ ਤੇ ਅਮਲ ਦੇ ਤੌਰ ਤੇ ਭਗਤ ਕਵੀਆਂ ਨੇ ਸਮਾਜਿਕ ਸਚਾਈਆਂ ਦੀ ਪੁਨਰ-ਪੁਸ਼ਟੀ ਕੀਤੀ ਅਤੇ ਉਸ ਸਮੇਂ ਦੇ ਪੰਡਤਾਂ ਦੀਆਂ ਵਿਆਖਿਆ ਪ੍ਰਣਾਲੀਆਂ ਨੂੰ ਵੰਗਾਰਿਆ ਅਤੇ ਆਪਣੀ ਬਾਣੀ ਜ਼ਰੀਏ ਪ੍ਰਤਿਰੋਧ ਪੈਦਾ ਕਰਦੇ ਹੋਏ ਸੱਜਰੀ ਤੇ ਮੌਲਿਕ ਵਿਆਖਿਆ ਦਾ ਆਰੰਭ ਕੀਤਾ।

## ਹਵਾਲੇ ਤੇ ਪੈਰ ਟਿੱਪਣੀਆਂ


ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ ਚ ਯੋਗਦਾਨ, ਪੰਨਾ 5

ਦਰਸ਼ਨ ਪਰੰਪਰਾ, ਪੰਨਾ 58

ਗੁਰੂ ਗ੍ਰੰਥ ਸਾਹਿਬ, ਪੰਨਾ 346

ਗੁਰੂ ਗ੍ਰੰਥ ਸਾਹਿਬ, ਪੰਨਾ 338

ਗੁਰੂ ਗ੍ਰੰਥ ਸਾਹਿਬ, ਪੰਨਾ 988

ਗੁਰੂ ਰਵਿਦਾਸ ਤੇ ਗੁਰੂ ਨਾਨਕ ਦੇਵ ਦੇ ਅਧਿਆਤਮਕ ਚਿੰਤਨ ਦਾ ਤੁਲਨਾਤਮਕ ਅਧਿਐਨ, ਪੰਨਾ 121

ਸੰਤ ਨਾਮਦੇਵ ਤੇ ਸੰਤ ਰਵਿਦਾਸ ਦੀ ਬਾਣੀ ਦਾ ਤੁਲਨਾਤਮਕ ਅਧਿਐਨ, ਪੰਨਾ 187

ਗੁਰੂ ਰਵਿਦਾਸ ਜੀਵਨ ਤੇ ਬਾਣੀ, ਪੰਨਾ 85

ਗੁਰੂ ਗ੍ਰੰਥ ਸਾਹਿਬ, ਪੰਨਾ 657

ਸੰਤ ਨਾਮਦੇਵ ਤੇ ਸੰਤ ਰਵਿਦਾਸ ਦੀ ਬਾਣੀ ਦਾ ਤੁਲਨਾਤਮਕ ਅਧਿਐਨ, ਪੰਨਾ 251

ਗੁਰੂ ਗ੍ਰੰਥ ਸਾਹਿਬ, ਪੰਨਾ 657

ਗੁਰੂ ਰਵਿਦਾਸ ਤੇ ਗੁਰੂ ਨਾਨਕ ਦੇਵ ਦੇ ਅਧਿਆਤਮਕ ਚਿੰਤਨ ਦਾ ਤੁਲਨਾਤਮਕ ਅਧਿਐਨ, ਪੰਨਾ 124

ਗੁਰੂ ਗ੍ਰੰਥ ਸਾਹਿਬ, ਪੰਨਾ 793

ਗੁਰੂ ਗ੍ਰੰਥ ਸਾਹਿਬ, ਪੰਨਾ 487

ਗੁਰੂ ਗ੍ਰੰਥ ਸਾਹਿਬ, ਪੰਨਾ 655

ਭਗਤ ਕਬੀਰ ਬਾਣੀ ਦਾ ਬਹੁਪੱਖੀ ਅਧਿਐਨ, ਪੰਨਾ 138

ਗੁਰੂ ਗ੍ਰੰਥ ਸਾਹਿਬ, ਪੰਨਾ 1371

ਭਗਤੀ ਕਾਲ ਦੇ ਸੰਤਾਂ ਦੀ ਸੰਪ੍ਰਦਾਇਕ ਭਾਵਨਾ, ਪੰਨਾ 99

ਗੁਰੂ ਰਵਿਦਾਸ ਤੇ ਗੁਰੂ ਨਾਨਕ ਦੇਵ ਦੇ ਅਧਿਆਤਮਕ ਚਿੰਤਨ ਦਾ ਤੁਲਨਾਤਮਕ ਅਧਿਐਨ, ਪੰਨਾ 114

ਗੁਰੂ ਗ੍ਰੰਥ ਸਾਹਿਬ, ਪੰਨਾ 345

ਉਹੀ, ਪੰਨਾ 486

ਉਹੀ, ਪੰਨਾ 1159

ਉਹੀ, ਪੰਨਾ 1371

ਸੰਤ ਨਾਮਦੇਵ ਤੇ ਸੰਤ ਰਵਿਦਾਸ ਦੀ ਬਾਣੀ ਦਾ ਤੁਲਨਾਤਮਕ ਅਧਿਐਨ, ਪੰਨਾ 190

ਗੁਰੂ ਗ੍ਰੰਥ ਸਾਹਿਬ, ਪੰਨਾ 693

ਉਹੀ, ਪੰਨਾ 107

ਉਹੀ, ਪੰਨਾ 66

ਭਗਤ ਰਵਿਦਾਸ ਜੀਵਨ ਤੇ ਰਚਨਾ, ਪੰਨਾ 45

ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ ਚ ਯੋਗਦਾਨ, ਪੰਨਾ 116

ਗੁਰੂ ਗ੍ਰੰਥ ਸਾਹਿਬ, ਪੰਨਾ 26

ਉਹੀ, ਪੰਨਾ 967

ਗੁਰਮਤਿ ਵਿਵੇਚਨ, ਪੰਨਾ 126

ਗੁਰੂ ਗ੍ਰੰਥ ਸਾਹਿਬ, ਪੰਨਾ 873

ਭਗਤ ਕਬੀਰ ਜੀਵਨ ਤੇ ਦਰਸ਼ਨ, ਪੰਨਾ 34

**Corresponding Author**

**Preet Inder Singh***

Assistant Professor, Department of Punjabi, Post Graduate Government College, Sector-46, Chandigarh

**E-Mail –**